**Marking Scheme: March 2023 –Punjabi (004)**

**ਪੜਤਾਲ-ਯੋਜਨਾ/ ਅੰਕ-ਯੋਜਨਾ: ਮਾਰਚ-2023-ਪੰਜਾਬੀ (004)**

ਜਮਾਤ-ਦਸਵੀਂ
ਵਿਸ਼ਾ-ਪੰਜਾਬੀ

SET-4, ਕੋਡ ਨੰ. 6
ਪੂਰਨ ਅੰਕ: 80

| **ਆਮ ਹਦਾਇਤਾਂ:-** | |
|---|---|
| 1. | ਜਿਵੇਂ ਕਿ ਤੁਸੀਂ ਜਾਣਦੇ ਹੀ ਹੋ ਕਿ ਉਮੀਦਵਾਰ/ਵਿਦਿਆਰਥੀ ਦਾ ਸਹੀ ਤੇ ਦਰੁਸਤ ਮੁਲਾਂਕਣ ਇੱਕ ਬਹੁਤ ਹੀ ਮਹੱਤਵਪੂਰਨ ਕਾਰਜ ਹੈ । ਮੁਲਾਂਕਣ ਵਿੱਚ ਇੱਕ ਛੋਟੀ ਜਿਹੀ ਤਰੁੱਟੀ ਹੀ ਉਮੀਦਵਾਰਾਂ, ਵਿੱਦਿਅਕ ਢਾਂਚੇ ਤੇ ਅਧਿਆਪਨ ਕਿੱਤੇ ਲਈ ਇੱਕ ਬਹੁਤ ਵੱਡੀ ਸਮੱਸਿਆ ਖੜ੍ਹੀ ਕਰ ਸਕਦੀ ਹੈ । ਗ਼ਲਤੀਆਂ/ਤਰੁੱਟੀਆਂ ਤੋਂ ਬਚਣ ਲਈ, ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਮੁਲਾਂਕਣ ਅਰੰਭ ਕਰਨ ਤੋਂ ਪਹਿਲਾਂ ਤੁਸੀਂ ਮੁਲਾਂਕਣ ਹਦਾਇਤਾਂ ਨੂੰ ਬਹੁਤ ਹੀ ਧਿਆਨ ਨਾਲ ਪੜ੍ਹ ਤੇ ਸਮਝ ਲਓ । |
| 2. | "ਮੁਲਾਂਕਣ ਨੀਤੀ ਇੱਕ ਬਹੁਤ ਹੀ ਗੁਪਤ ਢੰਗ ਨਾਲ ਕੀਤਾ ਜਾਣ ਵਾਲਾ ਕਾਰਜ ਹੈ ਕਿਉਂਕਿ ਇਹ ਕਰਵਾਈ ਗਈ ਪਰੀਖਿਆ ਤੇ ਮੁਲਾਂਕਣ ਅਤੇ ਹੋਰ ਬਹੁਤ ਸਾਰੇ ਪੱਖਾਂ ਦੀ ਗੁਪਤਤਾ ਨਾਲ ਸੰਬੰਧਤ ਹੈ । ਇਸ ਨੂੰ ਆਮ ਜਨਤਾ ਵਿੱਚ ਕਿਸੇ ਵੀ ਰੂਪ ਵਿੱਚ ਲੀਕ ਕਰਨਾ, ਪਰੀਖਿਆ ਪ੍ਰਬੰਧ ਨੂੰ ਪਟੜੀ ਤੋਂ ਉਤਾਰ ਸਕਦਾ ਹੈ ਅਤੇ ਲੱਖਾਂ ਹੀ ਉਮੀਦਵਾਰਾਂ ਦੀ ਜ਼ਿੰਦਗੀ ਤੇ ਭਵਿੱਖ ਨੂੰ ਪ੍ਰਭਾਵਿਤ ਕਰ ਸਕਦਾ ਹੈ । ਇਸ ਨੀਤੀ/ਦਸਤਾਵੇਜ਼ ਨੂੰ ਕਿਸੇ ਨਾਲ ਵੀ ਸਾਂਝਾ ਕਰਨ ਨਾਲ, ਕਿਸੇ ਰਸਾਲੇ ਵਿੱਚ ਦਰਸਾਉਣ ਅਤੇ ਕਿਸੇ ਅਖ਼ਬਾਰ/ਵੈੱਬਸਾਈਟ ਆਦਿ ਵਿੱਚ ਛਾਪਣ ਨਾਲ ਬੋਰਡ ਦੇ ਨਿਯਮਾਂ ਅਤੇ ਆਈ.ਪੀ.ਸੀ. ਦੀਆਂ ਧਾਰਾਵਾਂ ਤਹਿਤ ਕਾਰਵਾਈ ਹੋ ਸਕਦੀ ਹੈ।" |
| 3. | ਮੁਲਾਂਕਣ, ਪੜਤਾਲ-ਯੋਜਨਾ ਵਿੱਚ ਦਰਜ ਹਦਾਇਤਾਂ ਅਨੁਸਾਰ ਹੀ ਕੀਤਾ ਜਾਵੇ । ਇਸ ਨੂੰ ਕਿਸੇ ਵੱਲੋਂ ਕੀਤੀ ਗਈ ਵਿਆਖਿਆ ਜਾਂ ਕਿਸੇ ਦੇ ਪ੍ਰਗਟਾਏ ਵਿਚਾਰਾਂ ਅਨੁਸਾਰ ਨਾ ਕੀਤਾ ਜਾਵੇ । ਪੜਤਾਲ-ਯੋਜਨਾ ਦੀ ਪਾਲਣਾ ਬਹੁਤ ਹੀ ਸਖ਼ਤੀ ਨਾਲ ਕੀਤੀ ਜਾਵੇ । ਮੁਲਾਂਕਣ ਕਰਦੇ ਸਮੇਂ ਇਹ ਧਿਆਨ ਰੱਖਿਆ ਜਾਵੇ ਕਿ ਜੋ ਉੱਤਰ ਤਾਜ਼ਾ ਸੂਚਨਾ ਜਾਂ ਜਾਣਕਾਰੀ ਅਤੇ/ਜਾਂ ਨਵੀਨਤਾਕਾਰੀ ਵਾਲੇ ਹਨ, ਉਹਨਾਂ ਨੂੰ ਉਹਨਾਂ ਦੀ ਦਰੁਸਤਾ ਅਨੁਸਾਰ ਪਰਖਿਆ ਜਾਵੇ ਅਤੇ ਬਣਦੇ ਅੰਕ ਦਿੱਤੇ ਜਾਣ । ਦਸਵੀਂ ਜਮਾਤ ਵਿੱਚ, ਯੋਗਤਾ-ਆਧਾਰਿਤ ਪ੍ਰਸ਼ਨਾਂ ਦਾ ਮੁਲਾਂਕਣ ਕਰਦੇ ਸਮੇਂ ਕਿਰਪਾ ਕਰਕੇ ਦਿੱਤੇ ਗਏ ਉੱਤਰਾਂ ਨੂੰ ਸਮਝੋ ਅਤੇ ਜੇ ਉੱਤਰ ਪੜਤਾਲ-ਯੋਜਨਾ ਅਨੁਸਾਰ ਨਹੀਂ ਹੈ ਪਰ ਸਹੀ ਯੋਗਤਾ ਨੂੰ ਦਰਸਾਇਆ ਗਿਆ ਹੈ ਤਾਂ ਬਣਦੇ ਅੰਕ ਦਿੱਤੇ ਜਾਣ । |
| 4. | ਪੜਤਾਲ-ਯੋਜਨਾ ਵਿੱਚ ਉੱਤਰਾਂ ਲਈ ਕੇਵਲ ਮੁਲਵਾਨ ਨੁਕਤੇ ਸੁਝਾਏ ਗਏ ਹਨ । ਇਹ ਕੇਵਲ ਹਦਾਇਤਾਂ ਦੇ ਰੂਪ ਵਿੱਚ ਹੈ, ਹੋ ਸਕਦਾ ਹੈ ਕਿ ਉੱਤਰ ਪੂਰਾ ਨਾ ਹੋਵੇ । ਵਿਦਿਆਰਥੀਆਂ ਦਾ ਪ੍ਰਗਟਾਅ ਦਾ ਆਪਣਾ ਢੰਗ ਹੈ ਅਤੇ ਜੇ ਪ੍ਰਗਟਾਅ ਸਹੀ ਹੈ ਤਾਂ ਉਸ ਅਨੁਸਾਰ ਬਣਦੇ ਅੰਕ ਪ੍ਰਦਾਨ ਕੀਤੇ ਜਾਣ । |
| 5. | ਮੁੱਖ-ਨਿਰੀਖਿਅਕ, ਹਰ ਨਿਰੀਖਿਅਕ ਵੱਲੋਂ ਪਹਿਲੇ ਦਿਨ ਮੁਲਾਂਕਿਤ ਕੀਤੀਆਂ ਪੰਜ ਉੱਤਰ-ਪੁਸਤਿਕਾਵਾਂ ਦੀ ਬਹੁਤ ਹੀ ਡੂੰਘਾਈ ਨਾਲ ਪੜਤਾਲ ਕਰੇਗਾ, ਇਹ ਯਕੀਨੀ ਬਣਾਉਣ ਲਈ ਕਿ ਮੁਲਾਂਕਣ, ਪੜਤਾਲ-ਯੋਜਨਾ ਵਿੱਚ ਦਰਜ ਹਦਾਇਤਾਂ ਅਨੁਸਾਰ ਹੀ ਹੋਇਆ ਹੈ । ਜੇ ਕੋਈ ਅੰਤਰ ਹੈ ਤਾਂ ਉਸ ਨੂੰ ਵਿਚਾਰ-ਵਟਾਂਦਰਾ ਤੇ ਚਰਚਾ ਕਰਕੇ ਖਤਮ ਕਰੇਗਾ । ਮੁਲਾਂਕਣ ਲਈ ਬਾਕੀ ਦੀਆਂ ਉੱਤਰ-ਪੁਸਤਿਕਾਵਾਂ ਇਹ ਯਕੀਨੀ ਬਣਾਉਣ ਤੋਂ ਬਾਅਦ ਦਿੱਤੀਆਂ ਜਾਣ ਕਿ ਨਿਰੀਖਿਅਕਾਂ ਦੇ ਮੁਲਾਂਕਣ ਵਿੱਚ ਨਿੱਜੀ ਤੌਰ 'ਤੇ ਕੋਈ ਮਹੱਤਵਪੂਰਨ ਅੰਤਰ ਨਹੀਂ ਹੈ । |
| 6. | ਜਿਹੜਾ ਉੱਤਰ ਸਹੀ ਹੈ, ਨਿਰੀਖਿਅਕ ਉੱਥੇ ਇਸ ਤਰ੍ਹਾਂ ✓ ਦਾ ਨਿਸ਼ਾਨ ਲਗਾਵੇਗਾ ਅਤੇ ਜੇ ਉੱਤਰ ਪੂਰੀ ਤਰ੍ਹਾਂ ਗ਼ਲਤ ਹੈ ਤਾਂ ਉਸ ਉੱਤਰ 'ਤੇ ਗ਼ਲਤ (Cross) ਦਾ ਨਿਸ਼ਾਨ (X) ਲਗਾ ਕੇ '0' ਅੰਕ ਦਿੱਤੇ ਜਾਣ ਤੇ ਉੱਥੇ ਜ਼ੀਰੋ/Zero ਲਿਖਿਆ ਜਾਵੇ । ਪਰੀਖਿਅਕ ਮੁਲਾਂਕਣ ਕਰਦੇ ਸਮੇਂ ਇਸ ਤਰ੍ਹਾਂ ਦਾ / ਨਿਸ਼ਾਨ ਨਹੀਂ ਲਗਾਵੇਗਾ ਜੋ ਕਿ ਇਹ ਪ੍ਰਭਾਵ ਦਿੰਦਾ ਹੈ ਕਿ ਉੱਤਰ ਤਾਂ ਸਹੀ ਹੈ ਪਰ ਅੰਕ ਨਹੀਂ ਦਿੱਤੇ ਗਏ ਹਨ । ਇਹ ਪਰੀਖਿਅਕਾਂ ਵੱਲੋਂ ਸਭ ਤੋਂ ਜ਼ਿਆਦਾ ਕੀਤੀ ਜਾਣ ਵਾਲੀ ਗ਼ਲਤੀ ਹੈ । |
| 7. | ਜੇ ਕਿਸੇ ਪ੍ਰਸ਼ਨ ਦੇ ਉਪ-ਭਾਗ ਹਨ ਤਾਂ ਹਰ ਉਪ-ਭਾਗ ਦੇ ਉੱਤਰ ਦੇ ਅੰਕ ਸੱਜੇ ਪਾਸੇ ਹਾਸ਼ੀਏ ਵਿੱਚ ਲਿਖੇ ਜਾਣ, ਜਿਵੇਂ: ½, 1,ਜਾਂ 2 ਤੇ ਉਪ-ਭਾਗਾਂ ਦੇ ਅੰਕਾਂ ਦਾ ਜੋੜ ਕਰਕੇ ਪੂਰੇ ਅੰਕ ਪ੍ਰਸ਼ਨ ਸੰਖਿਆ ਦੇ ਨਾਲ ਗੋਲੇ '0' ਵਿੱਚ ਖੱਬੇ ਪਾਸੇ ਹਾਸ਼ੀਏ ਅੰਦਰ ਲਿਖਿਆ ਜਾਵੇ, ਜਿਵੇਂ: ④। ਇਸ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ। |
| 8. | ਜੇ ਕਿਸੇ ਪ੍ਰਸ਼ਨ ਦੇ ਉਪ-ਭਾਗ ਨਹੀਂ ਹਨ ਤਾਂ ਅੰਕਾਂ ਨੂੰ ਪ੍ਰਸ਼ਨ ਸੰਖਿਆ ਦੇ ਨਾਲ ਗੋਲੇ '0' ਵਿੱਚ ਖੱਬੇ ਪਾਸੇ ਪ੍ਰਸ਼ਨ ਸੰਖਿਆ ਦੇ ਨਾਲ ਹਾਸ਼ੀਏ ਅੰਦਰ ਲਿਖਿਆ ਜਾਵੇ, ਜਿਵੇਂ: ④। ਇਸ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ । |



Download from www.MsEducationTv.com
Scanned with CamScanner

| | |
|---|---|
| 9. | ਚੋਣ ਆਧਾਰਿਤ ਪ੍ਰਸ਼ਨਾਂ ਵਿੱਚੋਂ ਜੇਕਰ ਲੋੜੀਂਦੇ ਪ੍ਰਸ਼ਨਾਂ ਤੋਂ ਵੱਧ ਪ੍ਰਸ਼ਨਾਂ ਦੇ ਉੱਤਰ ਦਿੱਤੇ ਗਏ ਹੋਣ ਤਾਂ ਵਿਦਿਆਰਥੀ ਦੁਆਰਾ ਦਿੱਤੇ ਗਏ ਵਧੇਰੇ ਉਚਿਤ, ਠੀਕ ਤੇ ਵੱਧ ਅੰਕ ਪ੍ਰਾਪਤ ਕਰਨ ਵਾਲੇ ਉੱਤਰਾਂ ਨੂੰ ਹੀ ਸਹੀ ਸਮਝਿਆ ਜਾਵੇ ਤੇ ਵੱਧ ਅੰਕਾਂ ਨੂੰ ਬਰਕਰਾਰ ਰੱਖਿਆ ਜਾਵੇ । ਫ਼ਾਲਤੂ ਉੱਤਰਾਂ ਉੱਤੇ "ਵਾਧੂ ਪ੍ਰਸ਼ਨ" /OA ਲਿਖਿਆ ਜਾਵੇ । |
| 10. | ਸ਼ਬਦ-ਜੋੜ ਦੀ ਇੱਕੋ-ਤਰ੍ਹਾਂ ਦੀ ਗ਼ਲਤੀ ਲਈ ਵਾਰ-ਵਾਰ ਅੰਕ ਨਾ ਕੱਟੇ ਜਾਣ । ਸ਼ਬਦ-ਜੋੜਾਂ ਪ੍ਰਤੀ ਨਰਮ ਰਵੱਈਆ ਅਪਣਾਇਆ ਜਾਵੇ । |
| 11. | ਵਿਦਿਆਰਥੀਆਂ ਨੂੰ ਬਣਦੇ ਪੂਰੇ-ਪੂਰੇ ਅੰਕ ( 80) ਦਿੱਤੇ ਜਾ ਸਕਦੇ ਹਨ । ਵਿਸ਼ਾ-ਸਮਗਰੀ ਤੇ ਨਿਯਮ ਅਨੁਸਾਰ ਬਣਦੇ ਪੂਰੇ-ਪੂਰੇ ਅੰਕ ਦੇਣ ਤੋਂ ਗੁਰੇਜ਼ ਨਾ ਕੀਤਾ ਜਾਵੇ । |
| 12. | ਹਰ ਨਿਰੀਖਿਅਕ ਨੂੰ ਰੋਜ਼ਾਨਾ ਪੂਰਾ ਸਮਾਂ ਭਾਵ 8 ਘੰਟੇ ਮੁਲਾਂਕਣ ਕਰਨਾ ਪਵੇਗਾ ਅਤੇ ਮੁੱਖ ਵਿਸ਼ਿਆਂ ਲਈ 20 ਉੱਤਰ-ਪੁਸਤਿਕਾਵਾਂ ਅਤੇ ਹੋਰ ਵਿਸ਼ਿਆਂ ਲਈ 25 ਉੱਤਰ-ਪੁਸਤਿਕਾਵਾਂ ਦਾ ਮੁਲਾਂਕਣ ਕਰਨਾ ਹੋਵੇਗਾ । (ਵੇਰਵਾ: ਮੁਲਾਂਕਣ ਦਿਸ਼ਾ-ਨਿਰਦੇਸ਼ਾਂ ਵਿੱਚ ਦਰਜ ਹੈ ) । ਇਹ ਪਾਠ-ਕ੍ਰਮ ਅਤੇ ਪ੍ਰਸ਼ਨ-ਪੱਤਰ ਵਿੱਚ ਦਰਜ ਪ੍ਰਸ਼ਨਾਂ ਅਨੁਸਾਰ ਹੈ । |
| 13. | ਇਹ ਯਕੀਨੀ ਬਣਾਓ ਕਿ ਹੇਠਾਂ ਦਰਸਾਈਆਂ; ਪਿਛਲੇ ਸਮੇਂ ਵਿੱਚ ਨਿਰੀਖਿਅਕਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਇਸ ਤਰ੍ਹਾਂ ਦੀਆਂ ਗ਼ਲਤੀਆਂ/ਤਰੁੱਟੀਆਂ ਤੁਹਾਡੇ ਵੱਲੋਂ ਨਾ ਕੀਤੀਆਂ ਜਾਣ:<br>• ਉੱਤਰ-ਪੁਸਤਿਕਾ ਵਿੱਚ ਪੂਰੇ ਉੱਤਰ ਜਾਂ ਉੱਤਰ ਦੇ ਕੁਝ ਹਿੱਸੇ ਨੂੰ ਬਿਨਾਂ ਮੁਲਾਂਕਣ ਕੀਤੇ ਛੱਡਣਾ ।<br>• ਉੱਤਰ ਨੂੰ ਉਸ ਲਈ ਨਿਰਧਾਰਿਤ ਅੰਕਾਂ ਤੋਂ ਵੱਧ ਅੰਕ ਦੇਣਾ ।<br>• ਉੱਤਰ ਲਈ ਨਿਰਧਾਰਿਤ ਅੰਕਾਂ ਦਾ ਜੋੜ ਗ਼ਲਤ ਕਰਨਾ ।<br>• ਉੱਤਰ-ਪੁਸਤਿਕਾ ਦੇ ਅੰਦਰਲੇ ਪੰਨਿਆਂ ਤੋਂ ਮੁੱਖ ਪੰਨੇ 'ਤੇ ਅੰਕ ਗ਼ਲਤ ਦਰਜ ਕਰਨਾ ।<br>• ਮੁੱਖ ਪੰਨੇ 'ਤੇ ਪ੍ਰਸ਼ਨ ਅਨੁਸਾਰ ਦਰਜ ਕੀਤੇ ਗਏ ਅੰਕਾਂ ਦਾ ਜੋੜ ਗ਼ਲਤ ਕਰਨਾ ।<br>• ਮੁੱਖ ਪੰਨੇ 'ਤੇ ਦੋ ਕਾਲਮ ਵਿੱਚ ਪ੍ਰਸ਼ਨ ਅਨੁਸਾਰ ਦਰਜ ਕੀਤੇ ਗਏ ਅੰਕਾਂ ਦਾ ਜੋੜ ਗ਼ਲਤ ਕਰਨਾ।<br>• ਕੁੱਲ ਜੋੜ ਗ਼ਲਤ ਕਰਨਾ ।<br>• ਅੰਕੜਿਆਂ ਤੇ ਸ਼ਬਦਾਂ ਵਿੱਚ ਲਿਖੇ ਅੰਕਾਂ ਦਾ ਆਪਸ ਵਿੱਚ ਨਾ ਮਿਲਣਾ/ਇੱਕੋ ਨਾ ਹੋਣਾ ।<br>• ਅੰਕਾਂ ਨੂੰ ਉੱਤਰ-ਪੁਸਤਿਕਾ ਤੋਂ ਆਨਲਾਈਨ ਅੰਕ ਸੂਚੀ ਵਿੱਚ ਦਰਜ ਕਰਦੇ ਸਮੇਂ ਗ਼ਲਤ ਕਰਨਾ।<br>• ਉੱਤਰ ਨੂੰ ਸਹੀ ਕੀਤਾ ਗਿਆ ਹੈ ਪਰ ਅੰਕ ਨਹੀਂ ਦਿੱਤੇ ਗਏ ਹਨ (ਇਹ ਯਕੀਨੀ ਬਣਾਓ ਕਿ ਸਹੀ ਨੂੰ ਦਰਸਾਉਂਦਾ ਨਿਸ਼ਾਨ ਬਿਲਕੁਲ ਠੀਕ ਤੇ ਦਰੁਸਤ ਹੋਵੇ । ਬਿਲਕੁਲ ਇਸੇ ਤਰ੍ਹਾਂ ਹੀ ਗ਼ਲਤ ਉੱਤਰਾਂ ਲਈ ਵੀ ਹੋਵੇ )<br>• ਉੱਤਰ ਦਾ ਅੱਧਾ ਜਾਂ ਕੁਝ ਹਿੱਸਾ ਸਹੀ ਹੈ ਅਤੇ ਬਾਕੀ ਗ਼ਲਤ ਪਰ ਕੋਈ ਵੀ ਅੰਕ ਪ੍ਰਦਾਨ ਨਹੀਂ ਕੀਤਾ ਗਿਆ । |
| 14. | ਉੱਤਰ-ਪੁਸਤਿਕਾਵਾਂ ਦਾ ਮੁਲਾਂਕਣ ਕਰਦੇ ਸਮੇਂ ਜੇ ਕੋਈ ਉੱਤਰ ਪੂਰੀ ਤਰ੍ਹਾਂ ਗ਼ਲਤ ਹੈ ਤਾਂ ਉਸ ਉੱਤਰ 'ਤੇ ਗ਼ਲਤ (Cross) ਦਾ ਨਿਸ਼ਾਨ (X) ਲਗਾ ਕੇ '0' ਅੰਕ ਦਿੱਤੇ ਜਾਣ ਤੇ ਉੱਥੇ ਜ਼ੀਰੋ/Zero ਲਿਖਿਆ ਜਾਵੇ । |
| 15. | ਉਮੀਦਵਾਰ ਵੱਲੋਂ ਖੋਜਿਆ/ਲੱਭਿਆ/ਵੇਖਿਆ ਕੋਈ ਵੀ ਅਣ-ਮੁਲਾਂਕਿਤ ਭਾਗ, ਮੁੱਖ-ਪੰਨੇ 'ਤੇ ਅੰਕਾਂ ਦਾ ਦਰਜ ਨਾ ਹੋਣਾ, ਜੋੜ ਵਿੱਚ ਗ਼ਲਤੀ ਹੋਣਾ ਆਦਿ ਮੁਲਾਂਕਣ ਪ੍ਰਕਿਰਿਆ ਵਿੱਚ ਸ਼ਮੂਲੀਅਤ ਕਰਨ ਵਾਲੇ ਵਿਅਕਤੀਆਂ ਦੇ ਨਾਲ਼-ਨਾਲ਼ ਬੋਰਡ ਦੇ ਵਕਾਰ ਨੂੰ ਵੀ ਢਾਹ ਲਗਾ ਸਕਦਾ ਹੈ । ਇਸ ਲਈ ਸਭ ਦੇ ਵਕਾਰ ਨੂੰ ਬਣਾਈ ਰੱਖਣ ਲਈ, ਇਹ ਦੁਬਾਰਾ ਦੁਹਰਾਇਆ ਜਾਂਦਾ ਹੈ ਕਿ ਹਦਾਇਤਾਂ ਦੀ ਪਾਲਣਾ ਸਾਵਧਾਨੀ ਤੇ ਸਮਝਦਾਰੀ ਨਾਲ਼ ਕੀਤੀ ਜਾਵੇ । |
| 16. | ਅਸਲ ਰੂਪ ਵਿੱਚ ਮੁਲਾਂਕਣ ਸ਼ੁਰੂ ਕਰਨ ਤੋਂ ਪਹਿਲਾਂ ਨਿਰੀਖਿਅਕ 'ਸਪਾਟ ਮੁਲਾਂਕਣ ਲਈ ਹਦਾਇਤਾਂ' ਵਿੱਚ ਦਰਜ ਹਦਾਇਤਾਂ ਤੋਂ ਆਪਣੇ-ਆਪ ਨੂੰ ਚੰਗੀ ਤਰ੍ਹਾਂ ਜਾਣੂ ਕਰਵਾਉਣਗੇ । |
| 17. | ਹਰ ਨਿਰੀਖਿਅਕ ਇਹ ਯਕੀਨੀ ਬਣਾਏਗਾ ਕਿ ਸਾਰੇ ਉੱਤਰਾਂ ਦਾ ਮੁਲਾਂਕਣ ਹੋ ਗਿਆ ਹੈ, ਮੁੱਖ-ਪੰਨੇ 'ਤੇ ਅੰਕ ਦਰਜ ਹੋ ਗਏ ਹਨ, ਜੋੜ ਸਹੀ ਹੋ ਗਿਆ ਹੈ ਅਤੇ ਅੰਕੜਿਆਂ ਤੇ ਸ਼ਬਦਾਂ ਵਿੱਚ ਸਹੀ ਲਿਖਿਆ ਗਿਆ ਹੈ । |
| 18. | ਵਿਦਿਆਰਥੀ ਨਿਰਧਾਰਿਤ ਫ਼ੀਸ ਦੀ ਅਦਾਇਗੀ ਕਰਕੇ ਆਪਣੀ ਉੱਤਰ-ਪੁਸਤਿਕਾ/ਉੱਤਰ-ਕਾਪੀ ਦੀ ਫੋਟੋ ਕਾਪੀ ਲੈਣ ਦਾ ਹੱਕਦਾਰ ਹੈ । ਸਾਰੇ ਨਿਰੀਖਿਅਕ/ਸਹਾਇਕ-ਨਿਰੀਖਿਅਕ/ ਮੁੱਖ-ਨਿਰੀਖਿਅਕ ਨੂੰ ਇੱਕ ਵਾਰ ਫਿਰ ਦੁਹਰਾਇਆ ਜਾਂਦਾ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਮੁਲਾਂਕਣ ਪ੍ਰਕਿਰਿਆ ਪੜਤਾਲ-ਯੋਜਨਾ ਵਿੱਚ ਹਰ ਉੱਤਰ ਲਈ ਦਰਜ ਮੁੱਲਵਾਨ ਨੁਕਤਿਆਂ ਅਨੁਸਾਰ ਹੀ ਹੋਵੇ । |



Download from www.MsEducationTv.com
Scanned with CamScanner

| ਪ੍ਰਸ਼ਨ ਨੰ. | ਉਪ-ਭਾਗ ਨੰ. | ਪ੍ਰਸ਼ਨ ਦੇ ਭਾਗ/ ਉਪ-ਭਾਗ ਲਈ ਨਿਰਧਾਰਿਤ ਉੱਤਰ | ਅੰਕ ਵੰਡ | ਪੂਰਨ ਅੰਕ | ਟਿੱਪਣੀਆਂ/ਸੰਕੇਤਕ ਨੁਕਤੇ |
|---|---|---|---|---|---|
| | | **ਭਾਗ-I: ਪੜ੍ਹਨ ਕੌਸ਼ਲ** (Part-I: Reading Skill) 10 | | | |
| 1. | **ਵਾਰਤਕ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦੇਣਾ** | | | 7 | |
| | (i) | ਪਸ਼ੂ ਮਨੁੱਖ ਨੂੰ ਆਪਣਾ ਮਾਲਕ ਮੰਨ ਚੁੱਕੇ ਹਨ, ਜਿਸ ਕਿੱਲੇ ਉੱਤੇ ਉਹ ਬੰਨ੍ਹਦਾ ਹੈ, ਉੱਥੇ ਬੱਝੇ ਰਹਿੰਦੇ ਹਨ, ਜੋ ਖਾਣ ਨੂੰ ਦਿੰਦਾ ਹੈ, ਉਹ ਹੀ ਖਾਂਦੇ ਹਨ । | 2 | | ਵਿਦਿਆਰਥੀ ਇਹਨਾਂ ਪ੍ਰਸ਼ਨ ਦੇ ਉੱਤਰ ਆਪਣੀ ਸੂਝ-ਬੂਝ ਦੇ ਆਧਾਰ 'ਤੇ ਰਚਨਾਤਮਕ ਰੂਪ ਵਿੱਚ ਹੋਰ ਤਰ੍ਹਾਂ ਵੀ ਲਿਖ ਸਕਦੇ ਹਨ, ਜਿਵੇ ਕਿ ਪੈਰੇ ਵਿਚਲੀਆਂ ਢੁਕਵੀਆਂ ਸਤਰਾਂ ਵੀ ਹੋ ਸਕਦੀਆਂ ਹਨ, ਸੋ ਸਹੀ ਹੋਣ 'ਤੇ ਬਣਦੇ ਅੰਕ ਦਿੱਤੇ ਜਾਣ। |
| | (ii) | ਮਨੁੱਖ ਨੇ ਪਸ਼ੂਆਂ ਨੂੰ ਬੜੀ ਚਲਾਕੀ ਨਾਲ ਆਪਣੇ ਅਧੀਨ ਕੀਤਾ । ਮਨੁੱਖ ਉਹਨਾਂ ਨੂੰ ਬੰਦੀਵਾਨ ਬਣਾ ਕੇ ਵਾਹ-ਵਰਤ ਸਕਦਾ ਹੈ, ਸੰਘਾਰ ਕਰ ਸਕਦਾ ਹੈ । | 2 | | |
| | (iii) | ਪਸ਼ੂ ਸਾਡੇ ਵਾਂਗ ਬੋਲ ਨਹੀਂ ਸਕਦੇ, ਸੋਝੀ ਨਹੀਂ ਰੱਖਦੇ, ਅੱਗਾ ਪਿੱਛਾ ਨਹੀਂ ਸੋਚ ਸਕਦੇ, ਮਾਨਸਿਕ ਗੁਣ; ਜਿਵੇਂ:- ਵਿਚਾਰ, ਗਿਆਨ, ਦਇਆ, ਸੰਤੋਖ, ਸੰਜਮ ਆਦਿ ਉਹਨਾਂ ਵਿੱਚ ਨਹੀਂ ਹੁੰਦੇ । | 2 | | |
| | (iv) | ਮਨੁੱਖ ਅਤੇ ਪਸ਼ੂ, ਪਸ਼ੂਆਂ 'ਤੇ ਮਨੁੱਖ ਦੀ ਹਕੂਮਤ, ਪਸ਼ੂਆਂ 'ਤੇ ਮਨੁੱਖੀ ਸਰਦਾਰੀ, ਪਸ਼ੂ ਤੇ ਮਨੁੱਖੀ ਸੰਬੰਧ, ਮਨੁੱਖ ਤੇ ਪਸ਼ੂ ਵਿੱਚ ਅੰਤਰ । | 1 | | ਵਿਦਿਆਰਥੀ ਆਪਣੀ ਸੂਝ-ਬੂਝ ਦੇ ਆਧਾਰ 'ਤੇ ਢੁਕਵੇਂ, ਹੋਰ ਸਿਰਲੇਖ ਵੀ ਲਿਖ ਸਕਦੇ ਹਨ, ਸੋ ਸਹੀ ਹੋਣ 'ਤੇ ਬਣਦੇ ਅੰਕ ਦਿੱਤੇ ਜਾਣ । |
| 2. | **ਕਾਵਿ-ਟੁਕੜੀ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦੇਣਾ** | | | 3 | |
| | (i) | ਗੁਲਾਬ ਦੇ ਫੁੱਲ ਨਾਲ | 1 | | ਵਿਦਿਆਰਥੀ ਇਹਨਾਂ ਪ੍ਰਸ਼ਨ ਦੇ ਉੱਤਰ ਆਪਣੀ ਸੂਝ-ਬੂਝ ਦੇ ਆਧਾਰ 'ਤੇ ਰਚਨਾਤਮਕ ਰੂਪ ਵਿੱਚ ਹੋਰ ਤਰ੍ਹਾਂ ਵੀ ਲਿਖ ਸਕਦੇ ਹਨ, ਜਿਵੇ ਕਿ ਕਾਵਿ-ਟੁਕੜੀ ਵਿਚਲੀਆਂ ਢੁਕਵੀਆਂ ਸਤਰਾਂ ਵੀ ਹੋ ਸਕਦੀਆਂ ਹਨ, ਸੋ ਸਹੀ ਹੋਣ 'ਤੇ ਬਣਦੇ ਅੰਕ ਦਿੱਤੇ ਜਾਣ । |
| | (ii) | ਕੁੜੀਆਂ/ਮੁਟਿਆਰਾਂ | 1 | | |
| | (iii) | ਸੋਹਣੇ ਪੰਜਾਬ ਦੀ | 1 | | |
| | | **ਭਾਗ-II: ਵਿਆਕਰਨ** (Part-II: Grammar) **20** | | | |
| 3. | **ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਪੰਜ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਹੱਲ ਕਰੋ )** | | | 4X1=4 | |
| | (i) | (b) ਆਈ-ਚਲਾਈ | 1 | | ਜੇ ਵਿਦਿਆਰਥੀ ਨੇ ਸਾਰੇ ਹੀ ਪ੍ਰਸ਼ਨ ਹੱਲ ਕੀਤੇ ਹਨ ਤਾਂ ਸਹੀ ਚਾਰ ਉੱਤਰਾਂ ਦੇ ਅੰਕ ਦਿੱਤੇ ਜਾਣ । |
| | (ii) | (d) ਜੱਗ-ਬੀਤੀ | 1 | | |
| | (iii) | (a) ਡੀਲ-ਡੌਲ | 1 | | |
| | (iv) | (d) ਅੱਗੇ ਅਤੇ ਪਿੱਛੇ | 1 | | |
| | (v) | (c) ਗੱਲਾਂ-ਗੱਲਾਂ | 1 | | |



Download from www.MsEducationTv.com
Scanned with CamScanner

| ਪ੍ਰਸ਼ਨ ਨੰ. | ਉਪ-ਭਾਗ ਨੰ. | ਪ੍ਰਸ਼ਨ ਦੇ ਭਾਗ/ ਉਪ-ਭਾਗ ਲਈ ਨਿਰਧਾਰਿਤ ਉੱਤਰ | ਅੰਕ ਵੰਡ | ਪੂਰਨ ਅੰਕ | ਟਿੱਪਣੀਆਂ/ਸੰਕੇਤਕ ਨੁਕਤੇ |
|---|---|---|---|---|---|
| 4. | ਬਹੁ-ਆਰਥਕ ਸ਼ਬਦ (ਪੁੱਛੇ ਗਏ ਅਨੁਸਾਰ ਪੰਜ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਹੱਲ ਕਰੋ) | | | | |
| | (i) | (b) ਟੁਕੜੀ | | | 4X1=4 |
| | (ii) | (d) ਨਲ਼ੀ | 1 | | ਜੇ ਵਿਦਿਆਰਥੀ ਨੇ ਸਾਰੇ ਹੀ ਪ੍ਰਸ਼ਨ ਹੱਲ ਕੀਤੇ ਹਨ ਤਾਂ ਸਹੀ ਚਾਰ ਉੱਤਰਾਂ ਦੇ ਅੰਕ ਦਿੱਤੇ ਜਾਣ । |
| | (iii) | (c) ਗੁੱਸਾ, ਕਮਾਉਣਾ | 1 | | |
| | (iv) | (a) ਮੋਟਾ ਹੋਣਾ | 1 | | |
| | (v) | (d) ਤਰੀਕਾ | 1 | | |
| | | | 1 | | |
| 5. | ਕਿਰਿਆ ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਪੰਜ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਹੱਲ ਕਰੋ ) 4X1=4 | | | | |
| | (i) | (c) ਸਥਾਨ-ਵਾਚਕ ਕਿਰਿਆ ਵਿਸ਼ੇਸ਼ਣ | 1 | | ਜੇ ਵਿਦਿਆਰਥੀ ਨੇ ਸਾਰੇ ਹੀ ਪ੍ਰਸ਼ਨ ਹੱਲ ਕੀਤੇ ਹਨ ਤਾਂ ਸਹੀ ਚਾਰ ਉੱਤਰਾਂ ਦੇ ਅੰਕ ਦਿੱਤੇ ਜਾਣ । |
| | (ii) | (d) ਇੱਕ-ਇੱਕ, ਕਈ-ਵਾਰੀ, ਘੜੀ-ਮੁੜੀ | 1 | | |
| | (iii) | (a) ਇਸ ਲਈ | 1 | | |
| | (iv) | (b) ਨਹੀਂ | 1 | | |
| | (v) | (c) ਕਈ ਵਾਰ | 1 | | |
| | | ਅਗੇਤਰ-ਪਿਛੇਤਰ (ਪੁੱਛੇ ਗਏ ਅਨੁਸਾਰ ਹੱਲ ਕਰੋ ) | | | 2+2=4 |
| 6. | | **ਅਗੇਤਰ** | | 2 | |
| | (i) | **ਪੁਨਰ:** :ਪੁਨਰਵਿਆਹ, ਪੁਨਰਜਨਮ, ਪੁਨਰਵਿਚਾਰ, ਪੁਨਰਗਠਨ, ਪੁਨਰਵਾਸ, ਪੁਨਰਨਿਰਮਾਣ, ਪੁਨਰ-ਸਿਰਜਣਾ, ਪੁਨਰ-ਮੁਲਾਂਕਣ, ਪੁਨਰ-ਉਕਤੀ, ਪੁਨਰ-ਉਥਾਨ, ਪੁਨਰ-ਉਧਾਰ, ਪੁਨਰਜੀਵਣ | ½+ ½=1 | | ਵਿਦਿਆਰਥੀ ਇਹਨਾਂ ਤੋਂ ਇਲਾਵਾ ਹੋਰ ਵੀ ਢੁਕਵੇਂ ਸ਼ਬਦ ਬਣਾ ਸਕਦੇ ਹਨ ਜੋ ਸਹੀ ਹੋਣ 'ਤੇ ਪੁੱਛੇ ਗਏ ਅਨੁਸਾਰ ਬਣਦੇ ਅੰਕ ਦਿੱਤੇ ਜਾਣ । |
| | | **ਮਹਾਂ**- ਮਹਾਂਦੀਪ, ਮਹਾਂਸਾਗਰ, ਮਹਾਂਬਲੀ, ਮਹਾਂ-ਬੁੱਧ, ਮਹਾਂਵਿਦਿਆਲਾ, ਮਹਾਂ-ਵਿਨਾਸ਼, ਮਹਾਂ-ਮਾਈ, ਮਹਾਂ-ਭੋਜ , ਮਹਾਂਮਾਰੀ , ਮਹਾਂ-ਮੂਰਖ , ਮਹਾਂਦੇਵ | ½+ ½=1 | | |
| | | **ਲਾ**- ਲਾਪਰਵਾਹ, ਲਾਸਾਨੀ, ਲਾਪਤਾ, ਲਾਜਵਾਬ, ਲਾਚਾਰ, ਲਾਵਾਰਸ, ਲਾ-ਮਿਸਾਲ, ਲਾਇਲਾਜ, ਲਾਇੰਤਹਾ, ਲਾਸ਼ਰੀਕ | ½+ ½=1 | | |



Download from www.MsEducationTv.com
Scanned with CamScanner

| ਪ੍ਰਸ਼ਨ ਨੰ. | ਉਪ-ਭਾਗ ਨੰ. | ਪ੍ਰਸ਼ਨ ਦੇ ਭਾਗ/ ਉਪ-ਭਾਗ ਲਈ ਨਿਰਧਾਰਿਤ ਉੱਤਰ | ਅੰਕ ਵੰਡ | ਪੂਰਨ ਅੰਕ | ਟਿੱਪਣੀਆਂ/ਸੰਕੇਤਕ ਨੁਕਤੇ |
|---|---|---|---|---|---|
| | (ii) | **ਪਿਛੇਤਰ** | | 2 | |
| | | **ਆਸ**- ਖਟਾਸ, ਮਿਠਾਸ, ਬੇਆਸ | ½+ ½=1 | | ਵਿਦਿਆਰਥੀ ਇਹਨਾਂ ਤੋਂ ਇਲਾਵਾ ਹੋਰ ਵੀ ਢੁਕਵੇਂ ਸ਼ਬਦ ਬਣਾ ਸਕਦੇ ਹਨ ਸੋ ਸਹੀ ਹੋਣ 'ਤੇ ਪੁੱਛੇ ਗਏ ਅਨੁਸਾਰ ਬਣਦੇ ਅੰਕ ਦਿੱਤੇ ਜਾਣ । |
| | | **ਈਲਾ**- ਭੜਕੀਲਾ, ਸ਼ਰਮੀਲਾ, ਜੁਸ਼ੀਲਾ, ਲਚਕੀਲਾ, ਬਰਫ਼ੀਲਾ, ਜ਼ਹਿਰੀਲਾ, ਫੁਰਤੀਲਾ, ਅਣਖੀਲਾ, ਰਸੀਲਾ, ਸੁਰੀਲਾ, ਰੰਗੀਲਾ, ਨੁਕੀਲਾ, ਚਮਕੀਲਾ | ½+ ½=1 | | |
| | | **ਸਾਜ਼**- ਘੜੀਸਾਜ਼, ਜਿਲਦਸਾਜ਼, ਰੰਗ-ਸਾਜ਼, ਜਾਲ੍ਹਸਾਜ਼/ਜਾਲਸਾਜ਼ | ½+ ½=1 | | |

**ਹੇਠ ਲਿਖਿਆਂ ਵਿੱਚੋਂ ਕਿਸੇ ਚਾਰ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪਸ਼ਟ ਹੋ ਜਾਣ :**

| | | | | | |
|---|---|---|---|---|---|
| 7. | | | | | **4X1=4** |
| | (i) | **ਜ਼ਬਾਨ ਖੁੱਲ੍ਹਣੀ**: ਬਦਤਮੀਜ਼ ਹੋਣਾ, ਆਪਣਾ ਭੇਤ ਦੇ ਦੇਣਾ, ਬਹੁਤ ਜ਼ਿਆਦਾ ਬੋਲਣਾ, | 1 | | ਜੇਕਰ ਵਿਦਿਆਰਥੀ ਅਰਥ ਨਹੀਂ ਲਿਖਦਾ ਤੇ ਅਰਥ ਸਪਸ਼ਟ ਕਰਦਾ ਹੋਇਆ ਸਹੀ ਵਾਕ ਲਿਖਦਾ/ਬਣਾਉਂਦਾ ਹੈ ਤਾਂ ਬਣਦੇ ਪੂਰੇ ਅੰਕ ਦਿੱਤੇ ਜਾਣ । ਅਰਥ ਲਿਖਣ ਨੂੰ ਮਹੱਤਵ ਨਾ ਦਿੰਦੇ ਹੋਏ ਸਹੀ ਤੇ ਸਪਸ਼ਟ ਅਰਥਾਂ ਵਾਲ਼ੇ ਵਾਕਾਂ ਵੱਲ ਧਿਆਨ ਦਿੱਤਾ ਜਾਵੇ ਮੁਹਾਵਰਿਆਂ ਦੇ ਬਣਦੇ ਇਹ ਅਰਥ ਸਿਰਫ਼ ਨਿਰੀਖਿਅਕਾਂ ਦੀ ਸਹੂਲਤ ਲਈ ਦਿੱਤੇ ਗਏ ਹਨ, ਤਾਂ ਜੋ ਵਿਦਿਆਰਥੀਆਂ ਦੁਆਰੇ ਬਣਾਏ ਵਾਕਾਂ ਦੇ ਪੱਖਾਂ ਨੂੰ ਸਮਝਿਆ ਜਾ ਸਕੇ । ਵਾਕਾਂ ਵਿੱਚ ਵਰਤਦੇ ਸਮੇਂ ਇਹਨਾਂ ਤੋਂ ਇਲਾਵਾ ਹੋਰ ਵੀ ਅਰਥ ਹੋ ਸਕਦੇ ਹਨ । |
| | (ii) | **ਜੁੱਤੀਆਂ ਭਿਉਂ-ਭਿਉਂ ਮਾਰਨੀਆਂ** : ਬਹੁਤ ਸ਼ਰਮਿੰਦਾ ਕਰਨਾ, ਸ਼ਰਮਸ਼ਾਰ ਕਰਨਾ, ਗ਼ਲਤੀ ਦਾ ਅਹਿਸਾਸ ਕਰਵਾਉਣਾ | 1 | | |
| | (iii) | **ਜੰਗਲ ਵਿੱਚ ਮੰਗਲ ਹੋਣਾ**: ਉਜਾੜ ਵਿੱਚ ਰੌਣਕ ਹੋਣਾ, ਸੁੰਨੇ ਮਾਹੌਲ ਨੂੰ ਸੁਆਰਨਾ, ਸੁੰਨੇ ਮਾਹੌਲ ਨੂੰ ਖੁਸ਼ਗਵਾਰ ਕਰਨਾ, ਸੁੰਨੇ ਮਾਹੌਲ ਨੂੰ ਰੌਣਕਮਈ ਬਣਾਉਣਾ | 1 | | |
| | (iv) | **ਡੰਗ ਟਪਾਉਣਾ** : ਗੁਜ਼ਾਰਾ ਕਰਨਾ, ਦਿਨ ਕੱਟਣੇ, ਆਈ-ਚਲਾਈ ਹੋਣਾ | 1 | | |
| | (v) | **ਚਿੜੀ ਨਾ ਫੜਕਣੀ** : ਸੁੰਨਸਾਨ ਹੋਣਾ, ਆਮ ਵਿਅਕਤੀ ਨੂੰ ਨੇੜੇ ਨਾ ਆਉਣ/ਲੱਗਣ ਦੇਣਾ, ਕੋਈ ਆਉਣ-ਜਾਣ ਨਾ ਹੋਣਾ | 1 | | |
| | (vi) | **ਘੜੀਆਂ ਪਲਾਂ 'ਤੇ ਹੋਣਾ** : ਕੁਝ ਪਲਾਂ ਦਾ ਮਹਿਮਾਨ ਹੋਣਾ, ਮਰਨ ਕਿਨਾਰੇ ਹੋਣਾ, ਆਖਰੀ ਸਾਹਾਂ 'ਤੇ ਹੋਣਾ, ਬਹੁਤ ਘੱਟ ਸਮਾਂ ਰਹਿ ਜਾਣਾ | 1 | | |
| | (vii) | **ਗਿਰਗਿਟ ਵਾਂਗ ਰੰਗ ਬਦਲਣਾ** : ਛੇਤੀ ਮਨ/ਵਿਚਾਰ ਬਦਲਣਾ, ਕਿਸੇ ਗੱਲ 'ਤੇ ਟਿਕੇ ਨਾ ਰਹਿਣਾ, ਕੋਈ ਅਸੂਲ ਨਾ ਹੋਣਾ | 1 | | |



Download from www.MsEducationTv.com
Scanned with CamScanner

## ਭਾਗ-III: ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Part-III: Writing Skill) 20

| ਪ੍ਰਸ਼ਨ ਨੰ. | ਉਪ-ਭਾਗ ਨੰ. | ਪ੍ਰਸ਼ਨ ਦੇ ਭਾਗ/ ਉਪ-ਭਾਗ ਲਈ ਨਿਰਧਾਰਿਤ ਉੱਤਰ | ਅੰਕ ਵੰਡ | ਪੂਰਨ ਅੰਕ | ਟਿੱਪਣੀਆਂ/ਸੰਕੇਤਕ ਨੁਕਤੇ |
|---|---|---|---|---|---|
| 8. | | **ਲੇਖ:** ਕਿਸੇ ਇੱਕ ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖਣਾ | | 8 | |
| | (i) | **ਜੇ ਮੈਂ ਪ੍ਰਿੰਸੀਪਲ ਹੁੰਦਾ:**<br>ਸਕੂਲ ਨੂੰ ਆਦਰਸ਼ ਬਣਾਉਣਾ<br>.................................. ਵਿਦਿਆਰਥੀਆਂ ਤੇ ਅਧਿਆਪਕਾਂ ਦਰਮਿਆਨ ਤਾਲਮੇਲ<br>..................................ਯੋਗਤਾ ਅਨੁਸਾਰ ਤਨਖਾਹ........................ ਮੁਕਾਬਲੇਬਾਜ਼ੀ ਦਾ ਵਿਕਾਸ ..................................<br>ਗ਼ਰੀਬ ਵਿਦਿਆਰਥੀਆਂ ਦੀ ਸਹਾਇਤਾ<br>.................................. ਨਕਲ ਦਾ ਖ਼ਾਤਮਾ<br>....................................................। | 8 | | ਸ਼ਬਦ ਸੀਮਾ ਤੋਂ ਘੱਟ/ਵਾਧੂ ਸ਼ਬਦਾਂ ਨੂੰ ਨਜ਼ਰ ਅੰਦਾਜ਼ ਕਰਦੇ ਹੋਏ ਵਿਦਿਆਰਥੀਆਂ ਦੇ ਵਿਚਾਰਾਂ, ਪੇਸ਼ਕਾਰੀ, ਤੱਥਾਂ ਅਤੇ ਸਮਝ ਅਨੁਸਾਰ ਨੁਕਤਿਆਂ ਨੂੰ ਮੁੱਖ ਰੱਖਦੇ ਹੋਏ, ਬਣਦੇ ਅੰਕ ਦਿੱਤੇ ਜਾਣ ।<br><br>ਲੇਖ ਵਿੱਚ ਵਰਤੀਆਂ ਜਾਣ ਵਾਲੀਆਂ ਗੁਰਬਾਣੀ ਦੀਆਂ ਤੁਕਾਂ/ਹੋਰ ਵੇਰਵਿਆਂ ਦੀ ਸਾਰਥਕਤਾ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ।<br><br>**ਅੰਕ ਵੰਡ ਇਸ ਪ੍ਰਕਾਰ ਹੋਵੇਗੀ:**<br>ਭੂਮਿਕਾ ਤੇ ਸਾਰੰਸ਼ : 1 ਅੰਕ<br>ਪੇਸ਼ਕਾਰੀ: 2 ਅੰਕ<br>ਵਿਸ਼ੇ ਦਾ ਗਿਆਨ: 3 ਅੰਕ<br>ਸ਼ਬਦ-ਚੋਣ ਤੇ ਸ਼ਬਦ-ਜੋੜ: 2 ਅੰਕ |
| | (ii) | **ਵਿਸ਼ਵੀਕਰਨ:**<br>ਜਾਣ-ਪਛਾਣ ..................................<br>ਵਿਸ਼ਵੀਕਰਨ ਦੀ ਜ਼ਰੂਰਤ ..................<br>ਵਰਤਮਾਨ ਸਥਿਤੀ ..........................<br>ਵਿਸ਼ਵੀਕਰਨ ਦੇ ਲਾਭ..... ....................<br>ਹਾਨੀ ..........................................<br>ਕਬਜ਼ੇ ਦੀ ਭਾਵਨਾ ............................<br>ਸਮੇਂ ਦੇ ਲੋੜ .............................. । | 8 | | |
| | (iii) | **ਕਿਰਤ ਦੀ ਮਹਾਨਤਾ:**<br>ਭੂਮਿਕਾ ..........................................<br>ਅਰਥ ... ...................... ਧਰਮ ਅਨੁਸਾਰ<br>ਕਿਰਤ ਦੀ ਮਹਾਨਤਾ ..........................<br>ਕਿਰਤੀ ਦੇ ਗੁਣ ..............................<br>ਭ੍ਰਿਸ਼ਟ ਤੇ ਵਿਹਲੇ ਲੋਕ ......................<br>ਦੇਸ਼ ਨੂੰ ਮਹਾਨ ਬਣਾਉਣ ਵਿੱਚ ਕਿਰਤ ਦਾ ਯੋਗਦਾਨ ..........................................<br>ਸਾਰੰਸ਼ ...........................................। | 8 | | |



Download from www.MsEducationTv.com
Scanned with CamScanner

| ਪ੍ਰਸ਼ਨ ਨੰ. | ਉਪ-ਭਾਗ ਨੰ. | ਪ੍ਰਸ਼ਨ ਦੇ ਭਾਗ/ ਉਪ-ਭਾਗ ਲਈ ਨਿਰਧਾਰਿਤ ਉੱਤਰ | ਅੰਕ ਵੰਡ | ਪੂਰਨ ਅੰਕ | ਟਿੱਪਣੀਆਂ/ਸੰਕੇਤਕ ਨੁਕਤੇ |
|---|---|---|---|---|---|
| 9. | | **ਪੱਤਰ** | | 7 | |
| | (a) | ਤੁਹਾਡੇ ਇਲਾਕੇ ਵਿੱਚ ਹੋ ਰਹੀਆਂ ਚੋਰੀ ਦੀਆਂ ਵਾਰਦਾਤਾਂ ਨੂੰ ਠੱਲ੍ਹ ਪਾਉਣ ਲਈ ਪੁਲਿਸ- ਕਮਿਸ਼ਨਰ ਨੂੰ ਸ਼ਿਕਾਇਤੀ ਪੱਤਰ ਲਿਖੋ। | | | |
| | | ਪਰੀਖਿਆ ਭਵਨ,<br>........ ਸ਼ਹਿਰ।<br>ਮਿਤੀ..............<br>ਸੇਵਾ ਵਿਖੇ<br>ਪੁਲਿਸ- ਕਮਿਸ਼ਨਰ,<br>.......... ਪੁਲਿਸ ਖੇਤਰ,<br>............... ਸ਼ਹਿਰ।<br>ਵਿਸ਼ਾ-..........................................।<br>ਸ੍ਰੀ ਮਾਨ/ਮਤੀ ਜੀ, | 3 | | ਵਿਦਿਆਰਥੀ ਦਿੱਤੇ ਗਏ ਨੁਕਤਿਆਂ ਤੋਂ ਇਲਾਵਾ ਹੋਰ ਨੁਕਤੇ ਵੀ ਪੱਤਰ ਵਿੱਚ ਲਿਖ ਸਕਦੇ ਹਨ ਸੋ ਵਿਦਿਆਰਥੀਆਂ ਦੇ ਵਿਚਾਰਾਂ ਅਤੇ ਸਮਝ ਅਨੁਸਾਰ ਨੁਕਤਿਆਂ ਨੂੰ ਮੁੱਖ ਰੱਖਦੇ ਹੋਏ, ਬਣਦੇ ਅੰਕ ਦਿੱਤੇ ਜਾਣ। |
| | | ਵਿਸ਼ਾ-ਸਮਗਰੀ/ਵਿਸ਼ੇ ਦਾ ਵਿਸਥਾਰ ......................<br>............................................<br>............................................ | 3 | | |
| | | ਆਪ ਜੀ ਦਾ/ਦੀ ਵਿਸ਼ਵਾਸ-ਪਾਤਰ/<br>ਸ਼ੁਭ-ਚਿੰਤਕ/ ਸ਼ੁਭ-ਚਿੰਤਕਾ,<br>ੳ. ਅ. ੲ.। | 1 | | |
| | | **ਜਾਂ (OR)** | | | |
| | (b) | ਸਕੂਲ ਦੇ ਪ੍ਰਿੰਸੀਪਲ ਨੂੰ ਆਪਣੇ ਵੱਡੇ ਭਰਾ ਦੇ ਵਿਆਹ ਉੱਤੇ ਇੱਕ ਹਫ਼ਤੇ ਦੀਆਂ ਛੁੱਟੀਆਂ ਲੈਣ ਲਈ ਪੱਤਰ ਲਿਖੋ। | | | |
| | | ਸੇਵਾ ਵਿਖੇ<br>ਪ੍ਰਿੰਸੀਪਲ ਸਾਹਿਬ/ਸਾਹਿਬਾਂ,<br>............................ ਸਕੂਲ,<br>.................. ਸ਼ਹਿਰ।<br>ਵਿਸ਼ਾ-..........................................।<br>ਸ੍ਰੀ ਮਾਨ/ਮਤੀ ਜੀ, | 2 | | ਵਿਦਿਆਰਥੀ ਦਿੱਤੇ ਗਏ ਨੁਕਤਿਆਂ ਤੋਂ ਇਲਾਵਾ ਹੋਰ ਨੁਕਤੇ ਵੀ ਪੱਤਰ ਵਿੱਚ ਲਿਖ ਸਕਦੇ ਹਨ ਸੋ ਵਿਦਿਆਰਥੀਆਂ ਦੇ ਵਿਚਾਰਾਂ ਅਤੇ ਸਮਝ ਅਨੁਸਾਰ ਨੁਕਤਿਆਂ ਨੂੰ ਮੁੱਖ ਰੱਖਦੇ ਹੋਏ, ਬਣਦੇ ਅੰਕ ਦਿੱਤੇ ਜਾਣ। |
| | | ਵਿਸ਼ਾ-ਸਮਗਰੀ/ਵਿਸ਼ੇ ਦਾ ਵਿਸਥਾਰ ......................<br>............................................<br>............................................ | 4 | | |
| | | ਆਪ ਜੀ ਦਾ/ਦੀ ਵਿਸ਼ਵਾਸ-ਪਾਤਰ/<br>ਆਗਿਆਕਾਰ,<br>ੳ. ਅ. ੲ.। | 1 | | |



Download from www.MsEducationTv.com Scanned with CamScanner

| ਪ੍ਰਸ਼ਨ ਨੰ. | ਉਪ-ਭਾਗ ਨੰ. | ਪ੍ਰਸ਼ਨ ਦੇ ਭਾਗ/ ਉਪ-ਭਾਗ ਲਈ ਨਿਰਧਾਰਿਤ ਉੱਤਰ | ਅੰਕ ਵੰਡ | ਪੂਰਨ ਅੰਕ | ਟਿੱਪਣੀਆਂ/ਸੰਕੇਤਕ ਨੁਕਤੇ |
|---|---|---|---|---|---|
| 10. | | | | | |
| | | | | 5 | |
| | | ਤਸਵੀਰ ਵੇਖ ਕੇ 50-60 ਸ਼ਬਦਾਂ ਵਿੱਚ ਉਸ ਬਾਰੇ ਵਰਨਣ ਕਰਨਾ | | | ਵਿਦਿਆਰਥੀ ਆਪਣੀ ਸਮਝ-ਸੂਝ ਅਨੁਸਾਰ ਆਪਣੇ ਵਿਚਾਰ ਪੇਸ਼ ਕਰੇਗਾ। ਵਿਦਿਆਰਥੀ ਦੇ ਵੇਰਵਿਆਂ, ਤੱਥਾਂ ਤੇ ਪੇਸ਼ਕਾਰੀ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ ਬਣਦੇ ਅੰਕ ਦਿੱਤੇ ਜਾਣ। |
| | | **ਨੋਟ:** ਨੇਤਰਹੀਣ ਵਿਦਿਆਰਥੀਆਂ ਲਈ ਪ੍ਰਸ਼ਨ: ਆਪਣੇ ਇਲਾਕੇ ਦੇ ਪੁਲਿਸ ਅਧਿਕਾਰੀ ਨੂੰ ਸੜਕਾਂ ਦੀ ਹਾਲਤ ਸੁਧਾਰਨ ਲਈ ਇੱਕ ਪੱਤਰ ਲਿਖੋ | | | |
| | | **ਨੋਟ:** ਸੜਕਾਂ ਦੀ ਹਾਲਤ ਸੁਧਾਰਨ ਲਈ ਵਿਦਿਆਰਥੀ ਪੱਤਰ ਰੂਪ ਜਿਸ ਕਿਸੇ ਨੂੰ ਵੀ ਸੰਬੋਧਨ ਕਰਕੇ ਲਿਖ ਰਿਹਾ ਹੈ ਉਸ ਨੂੰ ਬਣਦਾ ਲਾਭ ਦਿੱਤਾ ਜਾਵੇ। | | | ਵਿਦਿਆਰਥੀ ਆਪਣੀ ਸਮਝ-ਸੂਝ ਅਨੁਸਾਰ ਆਪਣੇ ਵਿਚਾਰ ਪੇਸ਼ ਕਰੇਗਾ। ਵਿਦਿਆਰਥੀ ਦੇ ਵੇਰਵਿਆਂ, ਤੱਥਾਂ ਤੇ ਪੇਸ਼ਕਾਰੀ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ ਬਣਦੇ ਅੰਕ ਦਿੱਤੇ ਜਾਣ। |

## ਭਾਗ-IV: ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ

(Part-IV: Text Books based questions) 3+4+4+4=15

**ਕਹਾਣੀ ਤੇ ਵਾਰਤਕ ਵਿੱਚੋਂ: (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ) 5X1=5**

| | | | | | |
|---|---|---|---|---|---|
| 11. | | | | 5 | ਜੇ ਵਿਦਿਆਰਥੀ ਨੇ ਸਾਰੇ ਹੀ ਪ੍ਰਸ਼ਨ ਹੱਲ ਕੀਤੇ ਹਨ ਤਾਂ ਸਹੀ ਪੰਜ ਉੱਤਰਾਂ ਦੇ ਅੰਕ ਦਿੱਤੇ ਜਾਣ। |
| | (i) | (c) ਕੋਰੀ ਜਿਹੀ | 1 | | |
| | (ii) | (a) ਦਿਲ ਦੀ ਦੌਲਤ ਦੀਆਂ ਮੁਹਰਾਂ | 1 | | |
| | (iii) | (b) ਪ੍ਰਾਰਥਨਾ | 1 | | |
| | (iv) | (d) ਧੇਲਾ | 1 | | |
| | (v) | (c) ਸੁਸਾਇਟੀ ਦੇ ਇੰਸਪੈਕਟਰ ਨੇ | 1 | | |
| | (vi) | (a) ਫ਼ੌਜੀ | 1 | | |

**ਕਵਿਤਾ ਤੇ ਇਕਾਂਗੀ ਵਿੱਚੋਂ: 5X1=5**

**(ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ)**

| | | | | | |
|---|---|---|---|---|---|
| 12. | | | | 5 | ਜੇ ਉੱਤਰ ਵਿੱਚ ਵਿਦਿਆਰਥੀ ਦੀ ਸ਼ਬਦ-ਜੋੜ ਦੀ ਕੋਈ ਗ਼ਲਤੀ ਹੈ, ਪਰ ਉਸ ਨਾਲ ਉੱਤਰ ਦੇ ਭਾਵ ਵਿੱਚ ਕੋਈ ਫ਼ਰਕ ਨਹੀਂ ਪੈ ਰਿਹਾ ਤਾਂ ਬਣਦੇ ਪੂਰੇ ਅੰਕ ਦਿੱਤੇ ਜਾਣ। ਜੇ ਵਿਦਿਆਰਥੀ ਨੇ ਸਾਰੇ ਹੀ ਪ੍ਰਸ਼ਨ ਹੱਲ ਕੀਤੇ ਹਨ ਤਾਂ ਸਹੀ ਪੰਜ ਉੱਤਰਾਂ ਦੇ ਅੰਕ ਦਿੱਤੇ ਜਾਣ। |
| | (i) | ਅਸਦ ਖ਼ਾਨ ਨੇ ਔਰੰਗਜ਼ੇਬ ਨੂੰ | 1 | | |
| | (ii) | ਔਰੰਗਜ਼ੇਬ ਨੂੰ | 1 | | |
| | (iii) | ਨਿਹਾਲ ਕੌਰ ਨੇ ਮਨਜੀਤ ਨੂੰ | 1 | | |
| | (iv) | ਇਸਤਰੀ ਨੂੰ | 1 | | |
| | (v) | ਪਾਪ ਜਾਂ ਭੁੱਲਾਂ ਬਖਸ਼ਾਉਣ ਲਈ | 1 | | |
| | (vi) | ਪੂਰੇ ਗੁਰੂ ਦੀ ਕਿਰਪਾ ਨਾਲ ਵਧਾਈ ਪ੍ਰਗਟ ਹੋਈ ਹੈ। | 1 | | |
| | (vii) | ਮਹਾਰਾਜਾ ਰਣਜੀਤ ਸਿੰਘ ਨੂੰ | 1 | | |



Download from www.MsEducationTv.com
Scanned with CamScanner

| ਪ੍ਰਸ਼ਨ ਨੰ. | ਉਪ-ਭਾਗ ਨੰ. | ਪ੍ਰਸ਼ਨ ਦੇ ਭਾਗ/ ਉਪ-ਭਾਗ ਲਈ ਨਿਰਧਾਰਿਤ ਉੱਤਰ | ਅੰਕ ਵੰਡ | ਪੂਰਨ ਅੰਕ | ਟਿੱਪਣੀਆਂ/ਸੰਕੇਤਕ ਨੁਕਤੇ |
|---|---|---|---|---|---|
| **ਕਹਾਣੀ ਤੇ ਇਕਾਂਗੀ ਵਿੱਚੋਂ: (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ )** | | | **4X2=8** | | ਜੇ ਵਿਦਿਆਰਥੀ ਨੇ ਸਾਰੇ ਹੀ ਪ੍ਰਸ਼ਨ ਹੱਲ ਕੀਤੇ ਹਨ ਤਾਂ ਸਹੀ ਚਾਰ ਉੱਤਰਾਂ ਦੇ ਅੰਕ ਦਿੱਤੇ ਜਾਣ । |
| 13. | | | | 8 | |
| | (i) | ਨਸ਼ਿਆਂ ਕਾਰਨ ਕਰਤਾਰ ਸਿੰਘ ਦੀ ਪੰਤਾਲ਼ੀ ਸਾਲ ਦੀ ਉਮਰ ਵਿੱਚ ਹੀ ਮੌਤ ਹੋ ਗਈ, ਉਸ ਦੇ ਸਿਰ ਬਹੁਤ ਸਾਰਾ ਕਰਜ਼ਾ ਸੀ, ਜਿਸ ਦਾ ਬੋਝ ਫਿਰ ਅਮਰੀਕ ਦੇ ਸਿਰ ਪੈ ਗਿਆ । ਪਰਿਵਾਰ ਦੀਆਂ ਬਾਕੀ ਜ਼ੁੰਮੇਵਾਰੀਆਂ ਦੇ ਨਾਲ-ਨਾਲ ਹੁਣ ਉਸ ਨੂੰ ਪਿਓ ਵਾਲ਼ਾ ਕਰਜ਼ਾ ਵੀ ਉਤਾਰਨਾ ਪੈਣਾ ਸੀ । | 2 | | (I) ਜੇ ਵਿਦਿਆਰਥੀ ਨੇ ਪ੍ਰਸ਼ਨਾਂ ਦੇ ਉੱਤਰ ਢੁਕਵੇਂ ਪਰ ਸੰਖੇਪ/ਜ਼ਿਆਦਾ ਸ਼ਬਦਾਂ ਵਿੱਚ ਵੀ ਲਿਖੇ ਹਨ ਤਾਂ ਵੀ ਬਣਦੇ ਪੂਰੇ ਅੰਕ ਦਿੱਤੇ ਜਾਣ<br>(II) ਵਿਦਿਆਰਥੀ ਦੀ ਰਚਨਾਤਮਕਤਾ ਨੂੰ ਧਿਆਨ ਵਿੱਚ ਰੱਖ ਕੇ ਬਦਲਵੇਂ ਢੰਗ ਨਾਲ਼ ਦਿੱਤੇ ਉੱਤਰਾਂ ਨੂੰ ਵੀ ਬਣਦੇ ਪੂਰੇ ਅੰਕ ਦਿੱਤੇ ਜਾਣ ।<br>(III) ਇੰਨੇ ਜ਼ਿਆਦਾ ਨੁਕਤੇ ਕੇਵਲ ਨਿਰੀਖਿਅਕਾਂ ਦੀ ਸਹੂਲਤ ਲਈ ਹਨ, ਵਿਸ਼ੇ ਦੇ ਵਿਸਥਾਰ ਨੂੰ ਵੇਖਦੇ ਹੋਏ, ਅੰਕਾਂ ਤੇ ਸ਼ਬਦਾਂ ਦੀ ਸੀਮਤ ਸੀਮਾ ਨੂੰ ਧਿਆਨ ਵਿੱਚ ਰੱਖਦੇ ਹੋਏ, ਵਿਦਿਆਰਥੀ ਦੇ ਵਿਚਾਰਾਂ ਤੇ ਉਹਨਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ, ਬਣਦੇ ਅੰਕ ਦਿੱਤੇ ਜਾਣ |
| | (ii) | 'ਧਰਤੀ ਹੇਠਲਾ ਬਲ਼ਦ' ਕਹਾਣੀ ਵਿੱਚ ਪੇਸ਼ ਵਿਚਾਰ ਅਨੁਸਾਰ ਮਾਨ ਸਿੰਘ ਦੇ ਪਿਤਾ ਦੀ ਤਰ੍ਹਾਂ ਕੁਝ ਲੋਕ ਆਪਣੇ ਸਿਰ 'ਤੇ ਪਏ ਦੁੱਖਾਂ ਦਾ ਬੋਝ ਆਪਣੇ-ਆਪ ਹੀ ਸਹਿ ਲੈਂਦੇ ਹਨ, ਉਹ ਕਿਸੇ ਨੂੰ ਦੱਸ ਕੇ ਉਸ ਨੂੰ ਪਰੇਸ਼ਾਨ ਨਹੀਂ ਕਰਨਾ ਚਾਹੁੰਦੇ; ਜਿਵੇਂ ਮਾਨ ਸਿੰਘ ਦਾ ਪਿਓ ਉਸ ਦੀ ਮੌਤ ਦੀ ਖ਼ਬਰ ਕਰਮ ਸਿੰਘ ਨੂੰ ਦੱਸ ਕੇ ਉਸ ਦੀ ਛੁੱਟੀ ਨਹੀਂ ਖ਼ਰਾਬ ਕਰਨਾ ਚਾਹੁੰਦਾ। | 2 | | |
| | (iii) | 'ਕੁਲਫ਼ੀ' ਕਹਾਣੀ ਅਨੁਸਾਰ ਘੱਟ ਤਨਖਾਹ ਲੈਣ ਵਾਲ਼ੇ ਮੁਲਾਜ਼ਮ ਦੀ ਆਰਥਿਕ ਹਾਲਤ ਬੜੀ ਤਰਸਯੋਗ ਹੁੰਦੀ ਹੈ; ਉਹ ਆਪਣੇ ਬੱਚੇ ਦੀਆਂ ਛੋਟੀਆਂ-ਛੋਟੀਆਂ ਮੰਗਾਂ ਵੀ ਪੂਰੀਆਂ ਨਹੀਂ ਕਰ ਸਕਦਾ, ਨੌਕਰੀ ਖੁਸ ਜਾਣ ਦੇ ਡਰ ਤੋਂ ਆਪਣੇ ਮਾਲਕ ਨੂੰ ਤਨਖਾਹ ਵਧਾਉਣ ਲਈ ਵੀ ਨਹੀਂ ਕਹਿ ਸਕਦਾ । | 2 | | |
| | (iv) | ਸੰਤ ਸਿੰਘ ਸੇਖੋਂ ਨੇ 'ਦੂਜਾ ਵਿਆਹ' ਇਕਾਂਗੀ ਵਿੱਚ ਭਾਰਤੀ ਸੱਭਿਆਚਾਰ ਵਿਚਲੇ ਜਾਗੀਰਦਾਰੀ ਪ੍ਰਥਾ ਦੇ ਸਮੇਂ ਪ੍ਰਚਲਤ ਦੂਜੇ ਵਿਆਹ ਦੀ ਸਮੱਸਿਆ ਨੂੰ ਭਾਵਪੂਰਤ ਢੰਗ ਨਾਲ਼ ਪੇਸ਼ ਕੀਤਾ ਹੈ; ਕਿ ਕਿਵੇਂ ਔਰਤ ਨੂੰ ਦੂਜੇ ਵਿਆਹ ਦੀ ਧਮਕੀ ਦੇ ਕੇ ਡਰਾਇਆ ਜਾਂਦਾ ਸੀ । | 2 | | (I) ਜੇ ਵਿਦਿਆਰਥੀ ਨੇ ਪ੍ਰਸ਼ਨਾਂ ਦੇ ਉੱਤਰ ਢੁਕਵੇਂ ਪਰ ਸੰਖੇਪ/ਜ਼ਿਆਦਾ ਸ਼ਬਦਾਂ ਵਿੱਚ ਵੀ ਲਿਖੇ ਹਨ ਤਾਂ ਵੀ ਬਣਦੇ ਪੂਰੇ ਅੰਕ ਦਿੱਤੇ ਜਾਣ<br>(II) ਵਿਦਿਆਰਥੀ ਦੀ ਰਚਨਾਤਮਕਤਾ ਨੂੰ ਧਿਆਨ ਵਿੱਚ ਰੱਖ ਕੇ ਬਦਲਵੇਂ ਢੰਗ ਨਾਲ਼ ਦਿੱਤੇ ਉੱਤਰਾਂ ਨੂੰ ਵੀ ਬਣਦੇ ਪੂਰੇ ਅੰਕ ਦਿੱਤੇ ਜਾਣ ।<br>(III) ਇੰਨੇ ਜ਼ਿਆਦਾ ਨੁਕਤੇ ਕੇਵਲ ਨਿਰੀਖਿਅਕਾਂ ਦੀ ਸਹੂਲਤ ਲਈ ਹਨ, ਵਿਸ਼ੇ ਦੇ ਵਿਸਥਾਰ ਨੂੰ ਵੇਖਦੇ ਹੋਏ, ਅੰਕਾਂ ਤੇ ਸ਼ਬਦਾਂ ਦੀ ਸੀਮਤ ਸੀਮਾ ਨੂੰ ਧਿਆਨ ਵਿੱਚ ਰੱਖਦੇ ਹੋਏ, ਵਿਦਿਆਰਥੀ ਦੇ ਵਿਚਾਰਾਂ ਤੇ ਉਹਨਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ, ਬਣਦੇ ਅੰਕ ਦਿੱਤੇ ਜਾਣ |
| | (v) | ਮਨਜੀਤ ਆਪਣੀ ਸੱਸ ਨਾਲ਼ ਬਹੁਤ ਹੀ ਨਿਮਰਤਾ ਤੇ ਸਮਝਦਾਰੀ ਨਾਲ਼ ਪੇਸ਼ ਆਉਂਦੀ ਹੈ । ਮਨਜੀਤ ਆਪਣੀ ਨਨਾਣ ਦੇ ਪਤੀ ਵੱਲੋਂ ਦੂਜੇ ਵਿਆਹ ਦੀ ਧਮਕੀ ਤੋਂ ਦੁਖੀ ਆਪਣੀ ਸੱਸ ਨੂੰ ਵੀ ਸਮਝਦਾਰੀ ਨਾਲ਼ ਹੌਸਲਾ ਦਿੰਦੀ ਹੈ । | 2 | | |



Download from www.MsEducationTv.com
Scanned with CamScanner

| ਪ੍ਰਸ਼ਨ ਨੰ. | ਉਪ-ਭਾਗ ਨੰ. | ਪ੍ਰਸ਼ਨ ਦੇ ਭਾਗ/ ਉਪ-ਭਾਗ ਲਈ ਨਿਰਧਾਰਿਤ ਉੱਤਰ | ਅੰਕ ਵੰਡ | ਪੂਰਨ ਅੰਕ | ਟਿੱਪਣੀਆਂ/ਸੰਕੇਤਕ ਨੁਕਤੇ |
|---|---|---|---|---|---|
| **ਕਵਿਤਾ ਤੇ ਵਾਰਤਕ ਵਿੱਚੋਂ:** | | | | | 2X4=8 |
| | | **(ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ):** | | | |
| 14. | (i) (a) | ਭਾਈ ਗੁਰਦਾਸ ਜੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਨਾਲ਼ ਅਗਿਆਨਤਾ ਰੂਪੀ ਧੁੰਦ ਮਿਟ ਗਈ ਤੇ ਗਿਆਨ ਰੂਪੀ ਚਾਨਣ ਹੋ ਗਿਆ । ਜਿਸ ਤਰ੍ਹਾਂ ਸੂਰਜ ਦੇ ਨਿਕਲਣ ਨਾਲ਼ ਤਾਰੇ ਲੁਕ ਜਾਂਦੇ ਹਨ ਤੇ ਹਨੇਰਾ ਦੂਰ ਹੋ ਜਾਂਦਾ ਹੈ, ਇਸੇ ਤਰ੍ਹਾਂ ਹੀ ਪਖੰਡੀ ਅਲੋਪ ਹੋ ਗਏ, ਭਰਮ ਜਾਲ਼ ਹਟ ਗਿਆ । ਜਿੱਥੇ-ਜਿੱਥੇ ਉਹਨਾਂ ਨੇ ਚਰਨ ਪਾਏ, ਉਹ ਥਾਂਵਾਂ ਪੂਜਣਯੋਗ ਹੋ ਗਈਆਂ ਤੇ ਉਹਨਾਂ ਨੇ ਚਾਰੇ ਦਿਸ਼ਾਵਾਂ ਤਾਰ ਦਿੱਤੀਆਂ । | 4 | | (I) ਪ੍ਰਸ਼ਨ ਦੇ ਵਿਸ਼ੇ ਤੇ ਉੱਤਰ ਦੀ ਵਿਸਥਾਰਤਾ/ਸੰਖੇਪਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਜੇ ਵਿਦਿਆਰਥੀ ਨੇ ਪ੍ਰਸ਼ਨ ਦਾ ਉੱਤਰ ਢੁਕਵਾਂ ਪਰ ਜ਼ਿਆਦਾ ਵਿਸਥਾਰ/ਸੰਖੇਪ ਸ਼ਬਦਾਂ ਵਿੱਚ ਵੀ ਲਿਖਿਆ ਹੈ ਤਾਂ ਵੀ ਬਣਦੇ ਪੂਰੇ ਅੰਕ ਦਿੱਤੇ ਜਾਣ । (II) ਇੰਨੇ ਜ਼ਿਆਦਾ ਨੁਕਤੇ ਕੇਵਲ ਨਿਰੀਖਿਅਕਾਂ ਦੀ ਸਹੂਲਤ ਲਈ ਹਨ, ਵਿਸ਼ੇ ਦੇ ਵਿਸਥਾਰ ਨੂੰ ਵੇਖਦੇ ਹੋਏ, ਅੰਕਾਂ ਤੇ ਸ਼ਬਦਾਂ ਦੀ ਸੀਮਤ ਸੀਮਾ ਨੂੰ ਧਿਆਨ ਵਿੱਚ ਰੱਖਦੇ ਹੋਏ, ਵਿਦਿਆਰਥੀਆਂ ਦੇ ਵਿਚਾਰਾਂ ਤੇ ਉਹਨਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ, ਬਣਦੇ ਅੰਕ ਦਿੱਤੇ ਜਾਣ । |
| | | **ਜਾਂ (OR)** | | | |
| | (b) | ਗੁਰੂ ਅਮਰਦਾਸ ਜੀ ਨੇ ਪਰਮਾਤਮਾ ਪਾਸੋਂ ਬਖ਼ਸ਼ਸ਼ ਦੀ ਮੰਗ ਕੀਤੀ ਹੈ । ਗੁਰੂ ਸਾਹਿਬ ਕਹਿੰਦੇ ਹਨ ਕਿ ਅਸੀਂ ਜੀਵ ਬੇਸ਼ੁਮਾਰ ਭੁੱਲਾਂ ਤੇ ਪਾਪ ਕਰਦੇ ਹਾਂ । ਉਹ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਉਹ ਮਿਹਰ ਕਰਕੇ ਜੀਵਾਂ ਨੂੰ ਬਖ਼ਸ਼ ਲਵੇ । ਸਾਡੇ ਕੀਤੇ ਕਰਮਾਂ ਦੇ ਲੇਖੇ ਰਾਹੀਂ ਤਾਂ ਸਾਡੀ ਬਖ਼ਸ਼ਸ਼ ਦੀ ਵਾਰੀ ਨਹੀਂ ਆ ਸਕਦੀ । ਇਸ ਲਈ ਪ੍ਰਭੂ ਸਾਡੀਆਂ ਭੁੱਲਾਂ ਤੇ ਔਗੁਣਾਂ ਨੂੰ ਬਖ਼ਸ਼ ਕੇ ਆਪਣੇ ਚਰਨਾਂ ਵਿੱਚ ਥਾਂ ਦੇਣ ਦੀ ਕਿਰਪਾ ਕਰਨ । | 4 | | (I) ਪ੍ਰਸ਼ਨ ਦੇ ਵਿਸ਼ੇ ਤੇ ਉੱਤਰ ਦੀ ਵਿਸਥਾਰਤਾ/ਸੰਖੇਪਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਜੇ ਵਿਦਿਆਰਥੀ ਨੇ ਪ੍ਰਸ਼ਨ ਦਾ ਉੱਤਰ ਢੁਕਵਾਂ ਪਰ ਜ਼ਿਆਦਾ ਵਿਸਥਾਰ/ਸੰਖੇਪ ਸ਼ਬਦਾਂ ਵਿੱਚ ਵੀ ਲਿਖਿਆ ਹੈ ਤਾਂ ਵੀ ਬਣਦੇ ਪੂਰੇ ਅੰਕ ਦਿੱਤੇ ਜਾਣ । (II) ਇੰਨੇ ਜ਼ਿਆਦਾ ਨੁਕਤੇ ਕੇਵਲ ਨਿਰੀਖਿਅਕਾਂ ਦੀ ਸਹੂਲਤ ਲਈ ਹਨ, ਵਿਸ਼ੇ ਦੇ ਵਿਸਥਾਰ ਨੂੰ ਵੇਖਦੇ ਹੋਏ, ਅੰਕਾਂ ਤੇ ਸ਼ਬਦਾਂ ਦੀ ਸੀਮਤ ਸੀਮਾ ਨੂੰ ਧਿਆਨ ਵਿੱਚ ਰੱਖਦੇ ਹੋਏ, ਵਿਦਿਆਰਥੀਆਂ ਦੇ ਵਿਚਾਰਾਂ ਤੇ ਉਹਨਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ, ਬਣਦੇ ਅੰਕ ਦਿੱਤੇ ਜਾਣ । |
| | (ii) (a) | ਗੁਰਬਖ਼ਸ਼ ਸਿੰਘ ਨੇ ਆਪਣੇ ਲੇਖ 'ਬੋਲੀ' ਰਾਹੀਂ ਆਮ ਜੀਵਨ ਵਿੱਚ ਬੋਲੀ ਦੇ ਮਹੱਤਵ ਨੂੰ ਦਰਸਾਇਆ ਹੈ । ਬੋਲੀ ਸਾਡੀ ਆਤਮਾ ਦਾ ਚਿੱਤਰ ਹੈ, ਜੇਕਰ ਸਾਡੇ ਅੰਦਰ ਬਹੁਤ ਕੁਝ ਚੰਗਾ ਹੈ ਤਾਂ ਸਾਡੀ ਬੋਲੀ ਸੁਗੰਧ ਭਰੀ ਹਵਾ ਵਰਗੀ ਹੁੰਦੀ ਹੈ । ਇਸ ਦੇ ਉਲਟ ਸੱਖਣੇ ਮਨੁੱਖ ਦੀ ਬੋਲੀ ਤਪਦੀ ਹਵਾ ਵਰਗੀ ਹੁੰਦੀ ਹੈ । ਬੋਲੀ ਦੇ ਨਾਲ਼ ਹੀ ਇਨਸਾਨ ਇਸ ਸੰਸਾਰ ਵਿੱਚ ਮੁੱਲ ਪੁਆ ਸਕਦਾ ਹੈ । | 4 | | |



Download from www.MsEducationTv.com
Scanned with CamScanner

| | | | | | |
|---|---|---|---|---|---|
| | | ਜਾਂ (OR) | | | (I) ਪ੍ਰਸ਼ਨ ਦੇ ਵਿਸ਼ੇ ਤੇ ਉੱਤਰ ਦੀ ਵਿਸਥਾਰਤਾ/ਸੰਖੇਪਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਜੇ ਵਿਦਿਆਰਥੀ ਨੇ ਪ੍ਰਸ਼ਨ ਦਾ ਉੱਤਰ ਢੁਕਵਾਂ ਪਰ ਜ਼ਿਆਦਾ ਵਿਸਥਾਰ/ਸੰਖੇਪ ਸ਼ਬਦਾਂ ਵਿੱਚ ਵੀਲਿਖਿਆ ਹੈ ਤਾਂ ਵੀ ਬਣਦੇ ਪੂਰੇ ਅੰਕ ਦਿੱਤੇ ਜਾਣ । (II) ਇੰਨੇ ਜ਼ਿਆਦਾ ਨੁਕਤੇ ਕੇਵਲ ਨਿਰੀਖਿਅਕਾਂ ਦੀ ਸਹੂਲਤ ਲਈ ਹਨ, ਵਿਸ਼ੇ ਦੇ ਵਿਸਥਾਰ ਨੂੰ ਵੇਖਦੇ ਹੋਏ, ਅੰਕਾਂ ਤੇ ਸ਼ਬਦਾਂ ਦੀ ਸੀਮਤ ਸੀਮਾ ਨੂੰ ਧਿਆਨ ਵਿੱਚ ਰੱਖਦੇ ਹੋਏ, ਵਿਦਿਆਰਥੀਆਂ ਦੇ ਵਿਚਾਰਾਂ ਤੇ ਉਹਨਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ, ਬਣਦੇ ਅੰਕ ਦਿੱਤੇ ਜਾਣ । |
| | (b) | ਸਿੱਖ ਧਰਮ ਵਿੱਚ ਅਰਦਾਸ ਦੀ ਇੱਕ ਖ਼ਾਸ ਅਹਿਮੀਅਤ ਹੈ । ਅਰਦਾਸ ਦੀ ਜ਼ਰੂਰਤ ਹਰ ਸੰਸਾਰਕ ਮੌਕੇ 'ਤੇ ਹੈ । ਜਨਮ, ਮਰਨ, ਵਿਆਹ ਤੇ ਜੰਗ ਅਜਿਹਾ ਕੋਈ ਵੀ ਅਵਸਰ ਨਹੀਂ ਜੋ ਬਿਨ ਅਰਦਾਸ ਹੋਵੇ । ਸਾਰੀਆਂ ਰੀਤਾਂ-ਰਸਮਾਂ ਦੀ ਥਾਂਵੇਂ ਅਰਦਾਸ ਹੀ ਕਾਫ਼ੀ ਹੈ । ਸਾਰੇ ਪਰਮਾਰਥਿਕ ਸਾਧਨਾਂ ਦੀ ਜਗ੍ਹਾ ਇੱਕ ਅਰਦਾਸ ਹੀ ਲੁੜੀਂਦੀ ਵਸਤੂ ਹੈ । ਅਰਦਾਸ ਔਗੁਣਾਂ ਦੇ ਖਾਤਮੇ ਲਈ, ਸਰਬੱਤ ਦੇ ਭਲੇ ਲਈ, ਚੜ੍ਹਦੀ ਕਲਾ ਲਈ ਅਤੇ ਮਨ ਦੀ ਪਵਿੱਤਰਤਾ ਤੇ ਸ਼ਾਂਤੀ ਆਦਿ ਲਈ ਕੀਤੀ ਜਾਂਦੀ ਹੈ । | 4 | | |

**ਇਕਾਂਗੀ ਵਿੱਚੋਂ:** 4X1=4

**(ਕਿਸੇ ਇੱਕ ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ)**

| | | | | | |
|---|---|---|---|---|---|
| 15. | (i) | ਨਿਹਾਲ ਕੌਰ ਕਾਹਲੇ ਸੁਭਾਅ ਦੀ ਪੇਂਡੂ ਔਰਤ ਹੈ । ਉਹ ਚਾਹੁੰਦੀ ਹੈ ਕਿ ਉਸ ਦੀ ਨੂੰਹ ਉਸ ਦੇ ਕਹਿਣ ਤੋਂ ਪਹਿਲਾਂ ਹੀ ਸਾਰੇ ਕੰਮ ਕਰ ਲਵੇ ਤੇ ਉਸ ਦੇ ਕਹੇ ਅਨੁਸਾਰ ਚੱਲੇ । ਗੱਲ-ਗੱਲ 'ਤੇ ਨੁਕਸ ਕੱਢਣਾ ਉਸ ਦੀ ਆਦਤ ਹੈ । ਉਹ ਮਨਜੀਤ ਦੇ ਦੇਰ ਨਾਲ ਕੰਮ 'ਤੇ ਪਰੇਸ਼ਾਨ ਹੁੰਦੀ, ਉਸ ਦੇ ਤਿਆਰ ਹੋਣ ਵਿੱਚ ਨੁਕਸ ਕੱਢਦੀ ਤੇ ਇਸਤਰੀ ਸਭਾ ਦੀ ਮੈਂਬਰ ਹੋਣ ਦੇ ਤਾਹਨੇ ਦਿੰਦੀ ਰਹਿੰਦੀ ਹੈ । ਨਿਹਾਲ ਕੌਰ ਨੂੰ ਮਨਜੀਤ ਦਾ ਆਪਣੇ ਪਤੀ ਦਾ ਨਾਂ ਲੈਣਾ ਤੇ ਉਸ ਨੂੰ ਜਵਾਬ ਦੇਣਾ ਵੀ ਪਸੰਦ ਨਹੀਂ । ਉਹ ਮਨਜੀਤ ਨੂੰ ਆਪਣੇ ਪੁੱਤਰ ਦਾ ਦੂਜਾ ਵਿਆਹ ਕਰ ਦੇਣ ਦੀ ਧਮਕੀ ਵੀ ਦਿੰਦੀ ਹੈ। | 4 | | (I) ਪ੍ਰਸ਼ਨ ਦੇ ਵਿਸ਼ੇ ਤੇ ਉੱਤਰ ਦੀ ਵਿਸਥਾਰਤਾ/ਸੰਖੇਪਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਜੇ ਵਿਦਿਆਰਥੀ ਨੇ ਪ੍ਰਸ਼ਨ ਦਾ ਉੱਤਰ ਢੁਕਵਾਂ ਪਰ ਜ਼ਿਆਦਾ ਵਿਸਥਾਰ/ਸੰਖੇਪ ਸ਼ਬਦਾਂ ਵਿੱਚ ਵੀ ਲਿਖਿਆ ਹੈ ਤਾਂ ਵੀ ਬਣਦੇ ਪੂਰੇ ਅੰਕ ਦਿੱਤੇ ਜਾਣ । (II) ਇੰਨੇ ਜ਼ਿਆਦਾ ਨੁਕਤੇ ਕੇਵਲ ਨਿਰੀਖਿਅਕਾਂ ਦੀ ਸਹੂਲਤ ਲਈ ਹਨ, ਵਿਸ਼ੇ ਦੇ ਵਿਸਥਾਰ ਨੂੰ ਵੇਖਦੇ ਹੋਏ, ਅੰਕਾਂ ਤੇ ਸ਼ਬਦਾਂ ਦੀ ਸੀਮਤ ਸੀਮਾ ਨੂੰ ਧਿਆਨ ਵਿੱਚ ਰੱਖਦੇ ਹੋਏ, ਵਿਦਿਆਰਥੀਆਂ ਦੇ ਵਿਚਾਰਾਂ ਤੇ ਉਹਨਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ, ਬਣਦੇ ਅੰਕ ਦਿੱਤੇ ਜਾਣ । |
| | (ii) | ਔਰੰਗਜ਼ੇਬ ਇਹ ਜਾਣਦਾ ਹੈ ਕਿ ਵਜ਼ੀਰ ਖ਼ਾਨ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਧੋਖਾ ਕੀਤਾ ਹੈ ਤੇ ਅਸਦ ਖ਼ਾਨ ਨਾਲ ਵਜ਼ੀਰ ਖ਼ਾਨ ਨੂੰ ਸਜ਼ਾ ਦੇਣ ਬਾਰੇ ਗੱਲ ਕਰਦਾ ਹੈ । ਅਸਦ ਖ਼ਾਨ ਔਰੰਗਜ਼ੇਬ ਨੂੰ ਦੱਸਦਾ ਹੈ ਕਿ ਪੰਜਾਬ ਵਿੱਚ ਸਿੱਖਾਂ ਨੂੰ ਵਜ਼ੀਰ ਖ਼ਾਨ ਨੇ ਹੀ ਕਾਬੂ ਵਿੱਚ ਰੱਖਿਆ ਹੋਇਆ ਹੈ । ਅਸਦ ਖ਼ਾਨ ਔਰੰਗਜ਼ੇਬ ਨੂੰ ਸਲਾਹ ਦਿੰਦਾ ਹੈ ਕਿ ਗੁਰੂ ਜੀ ਨੂੰ ਬਾ-ਇੱਜ਼ਤ ਮਹਿਲ ਵਿੱਚ ਬੁਲਾਇਆ ਜਾਵੇ ਤੇ ਉਹਨਾਂ ਨਾਲ ਸੁਲ੍ਹਾ ਕਰ ਲਈ ਜਾਵੇ ਅਤੇ ਆਪਣੇ ਹੱਥੀਂ ਖ਼ਤ ਲਿਖ ਕੇ ਇਤਬਾਰਯੋਗ ਕਾਸਦ ਦੇ ਹੱਥ ਗੁਰੂ ਜੀ ਨੂੰ ਭੇਜਿਆ ਜਾਵੇ । | 4 | | |



Download from www.MsEducationTv.com
Scanned with CamScanner

**Marking Scheme**
**Strictly Confidential**
**(For Internal and Restricted use only)**
**Secondary School Examination, 2023**
**SUBJECT NAME PUNJABI (SUBJECT CODE M6004) (PAPER CODE 6)**

**General Instructions: -**

| | |
|---|---|
| 1 | You are aware that evaluation is the most important process in the actual and correct assessment of the candidates. A small mistake in evaluation may lead to serious problems which may affect the future of the candidates, education system and teaching profession. To avoid mistakes, it is requested that before starting evaluation, you must read and understand the spot evaluation guidelines carefully. |
| 2 | **"Evaluation policy is a confidential policy as it is related to the confidentiality of the examinations conducted, Evaluation done and several other aspects. Its' leakage to public in any manner could lead to derailment of the examination system and affect the life and future of millions of candidates. Sharing this policy/document to anyone, publishing in any magazine and printing in News Paper/Website etc may invite action under various rules of the Board and IPC."** |
| 3 | Evaluation is to be done as per instructions provided in the Marking Scheme. It should not be done according to one's own interpretation or any other consideration. Marking Scheme should be strictly adhered to and religiously followed. **However, while evaluating, answers which are based on latest information or knowledge and/or are innovative, they may be assessed for their correctness otherwise and due marks be awarded to them. In class-X, while evaluating two competency-based questions, please try to understand given answer and even if reply is not from marking scheme but correct competency is enumerated by the candidate, due marks should be awarded.** |
| 4 | The Marking scheme carries only suggested value points for the answers These are in the nature of Guidelines only and do not constitute the complete answer. The students can have their own expression and if the expression is correct, the due marks should be awarded accordingly. |
| 5 | The Head-Examiner must go through the first five answer books evaluated by each evaluator on the first day, to ensure that evaluation has been carried out as per the instructions given in the Marking Scheme. If there is any variation, the same should be zero after delibration and discussion. The remaining answer books meant for evaluation shall be given only after ensuring that there is no significant variation in the marking of individual evaluators. |
| 6 | Evaluators will mark( √ ) wherever answer is correct. For wrong answer CROSS 'X" be marked. Evaluators will not put right (✓) while evaluating which gives an impression that answer is correct and no marks are awarded. **This is most common mistake which evaluators are committing.** |
| 7 | If a question has parts, please award marks on the right-hand side for each part. Marks awarded for different parts of the question should then be totaled up and written in the left-hand margin and encircled. This may be followed strictly. |
| 8 | If a question does not have any parts, marks must be awarded in the left-hand margin and encircled. This may also be followed strictly. |



Download from www.MsEducationTv.com Scanned with CamScanner

| | |
|---|---|
| 9 | If a student has attempted an extra question, answer of the question deserving more marks should be retained and the other answer scored out with a note **"Extra Question"**. |
| 10 | No marks to be deducted for the cumulative effect of an error. It should be penalized only once. |
| 11 | A full scale of marks __________(example 0 to 80/70/60/50/40/30 marks as given in Question Paper) has to be used. Please do not hesitate to award full marks if the answer deserves it. |
| 12 | Every examiner has to necessarily do evaluation work for full working hours i.e., 8 hours every day and evaluate 20 answer books per day in main subjects and 25 answer books per day in other subjects (Details are given in Spot Guidelines).This is in view of the reduced syllabus and number of questions in question paper. |
| 13 | Ensure that you do not make the following common types of errors committed by the Examiner in the past:-<br>• Leaving answer or part thereof unassessed in an answer book.<br>• Giving more marks for an answer than assigned to it.<br>• Wrong totaling of marks awarded on an answer.<br>• Wrong transfer of marks from the inside pages of the answer book to the title page.<br>• Wrong question wise totaling on the title page.<br>• Wrong totaling of marks of the two columns on the title page.<br>• Wrong grand total.<br>• Marks in words and figures not tallying/not same.<br>• Wrong transfer of marks from the answer book to online award list.<br>• Answers marked as correct, but marks not awarded. (Ensure that the right tick mark is correctly and clearly indicated. It should merely be a line. Same is with the X for incorrect answer.)<br>• Half or a part of answer marked correct and the rest as wrong, but no marks awarded. |
| 14 | While evaluating the answer books if the answer is found to be totally incorrect, it should be marked as cross (X) and awarded zero (0)Marks. |
| 15 | Any un assessed portion, non-carrying over of marks to the title page, or totaling error detected by the candidate shall damage the prestige of all the personnel engaged in the evaluation work as also of the Board. Hence, in order to uphold the prestige of all concerned, it is again reiterated that the instructions be followed meticulously and judiciously. |
| 16 | The Examiners should acquaint themselves with the guidelines given in the "**Guidelines for spot Evaluation**" before starting the actual evaluation. |
| 17 | Every Examiner shall also ensure that all the answers are evaluated, marks carried over to the title page, correctly totaled and written in figures and words. |
| 18 | The candidates are entitled to obtain photocopy of the Answer Book on request on payment of the prescribed processing fee. All Examiners/Additional Head Examiners/Head Examiners are once again reminded that they must ensure that evaluation is carried out strictly as per value points for each answer as given in the Marking Scheme. |



Download from www.MsEducationTv.com
Scanned with CamScanner